# ਦਫ਼ਤਰ ਡਿਪਟੀ ਕਮਿਸ਼ਨਰ, ਰੂਪਨਗਰ

(ਐਲ.ਐਫ.ਏ ਸ਼ਾਖਾ)

ਸੇਵਾ ਵਿਖੇ

ਸਕੱਤਰ, ਪੰਜਾਬ ਸਰਕਾਰ
ਸਥਾਨਕ ਸਰਕਾਰ ਵਿਭਾਗ,
ਚੰਡੀਗੜ੍ਹ।

ਨੰ: ___ /ਐਲ.ਐਫ.ਏ ਮਿਤੀ

ਵਿਸ਼ਾ:- ਰੂਪਨਗਰ ਸ਼ਹਿਰ ਵਿਖੇ ਨਵੇਂ ਬੱਸ ਸਟੈਂਡ ਤੋਂ ਲੈ ਕੇ ਸੈਨਿਕ ਰੈਸਟ ਹਾਊਸ ਅਤੇ ਹੋਰ ਥਾਵਾਂ ਤੋਂ ਗੰਦਾ ਪਾਣੀ ਸਰਹਿੰਦ ਕੈਨਾਲ ਵਿੱਚ ਪੈਣ ਤੋਂ ਰੋਕਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਬੇਨਤੀ ਹੈ ਕਿ ਕਾਰਜ ਸਾਧਕ ਅਫ਼ਸਰ, ਮਿਊਂਸੀਪਲ ਕੌਂਸਲ, ਰੂਪਨਗਰ ਵੱਲੋਂ ਇਸ ਦਫ਼ਤਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਨਗਰ ਕੌਂਸਲ ਦੀਆਂ ਵੱਖ-ਵੱਖ ਥਾਵਾਂ ਤੇ ਸੀਵਰੇਜ ਆਦਿ ਦਾ ਪਾਣੀ ਸਰਹਿੰਦ ਕੈਨਾਲ ਵਿੱਚ ਪਾਏ ਜਾਣ ਸਬੰਧੀ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਪਟਿਆਲਾ ਵੱਲੋਂ ਨੋਟਿਸ ਜਾਰੀ ਕੀਤੇ ਗਏ ਸਨ। ਇਨ੍ਹਾਂ ਨੋਟਿਸਾਂ ਦੀ ਸੁਣਵਾਈ ਦੌਰਾਨ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਪਟਿਆਲਾ ਵੱਲੋਂ ਇਹ ਹਦਾਇਤ ਕੀਤੀ ਗਈ ਹੈ ਕਿ ਨਵੇਂ ਬੱਸ ਸਟੈਂਡ ਤੋਂ ਲੈ ਕੇ ਨੰਗਲ ਚੌਕ ਤੱਕ ਤਕਰੀਬਨ 3 ਕਿਲੋਮੀਟਰ ਏਰੀਏ ਵਿੱਚ ਗੰਦਾ ਅਤੇ ਬਰਸਾਤੀ ਪਾਣੀ ਸਰਹਿੰਦ ਕੈਨਾਲ ਵਿੱਚ ਗਿਰਦਾ ਹੈ। ਮਾਨਯੋਗ ਨੈਸ਼ਨਲ ਗਰੀਨ ਟ੍ਰਿਬਿਊਨਲ, ਨਵੀਂ ਦਿੱਲੀ ਵੱਲੋਂ ਵਾਟਰ ਬਾਡੀਜ਼ ਵਿੱਚ ਗੰਦਾ ਪਾਣੀ ਪਾਉਣ ਤੇ ਸਖਤ ਰੋਕ ਲਗਾਈ ਹੋਈ ਹੈ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਪਟਿਆਲਾ ਵੱਲੋਂ ਨਗਰ ਕੌਂਸਲ ਨੂੰ 5 ਲੱਖ ਰੁਪਏ ਦੀ ਬੈਂਕ ਗਰੰਟੀ ਜਮ੍ਹਾਂ ਕਰਵਾਉਣ ਦਾ ਆਦੇਸ਼ ਦਿੱਤਾ ਗਿਆ ਹੈ ਅਤੇ ਮਿਤੀ 31.10.2019 ਤੱਕ ਨਹਿਰ ਵਿੱਚ ਗਿਰ ਰਹੇ ਗੰਦੇ ਪਾਣੀ ਦਾ ਪ੍ਰਬੰਧ ਕਰਨ ਦਾ ਸਮਾਂ ਦਿੱਤਾ ਗਿਆ ਹੈ। ਇਸ ਲਈ ਸਬੰਧਿਤ ਵਿਭਾਗਾਂ ਦੀ ਅੰਤਰ ਵਿਭਾਗੀ ਮੀਟਿੰਗ ਕਰਵਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ ਤਾਂ ਜੋ ਇਸ ਸਮੱਸਿਆ ਦਾ ਹੱਲ ਲੱਭਿਆ ਜਾ ਸਕੇ। ਨਿਮਨ-ਹਸਤਾਖਰ ਵੱਲੋਂ ਸਬੰਧਿਤ ਵਿਭਾਗਾਂ ਦੀ ਮੀਟਿੰਗ ਬੁਲਾਈ ਗਈ। ਇਸ ਮੀਟਿੰਗ ਵਿੱਚ ਇਹ ਸਾਰਾ ਮਾਮਲਾ ਵਿਚਾਰਨ ਉਪਰੰਤ ਕਾਰਜਕਾਰੀ ਇੰਜੀਨੀਅਰ, ਵਾਟਰ ਸਪਲਾਈ ਅਤੇ ਸੀਵਰੇਜ ਡਵੀਜ਼ਨ, ਰੂਪਨਗਰ ਨੂੰ ਤਖਮੀਨਾ ਤਿਆਰ ਕਰਨ ਲਈ ਹਦਾਇਤ ਕੀਤੀ ਗਈ। ਉਨ੍ਹਾਂ ਵੱਲੋਂ ਇਸ ਸਮੱਸਿਆ ਦੇ ਹੱਲ ਲਈ 540.38 ਲੱਖ ਰੁਪਏ ਦਾ ਤਖਮੀਨਾ ਤਿਆਰ ਕਰਕੇ ਭੇਜਦੇ ਹੋਏ ਲਿਖਿਆ ਗਿਆ ਹੈ ਕਿ ਇਸ ਸਬੰਧੀ ਫੰਡਜ਼ ਅਤੇ ਪ੍ਰਬੰਧਕੀ ਮਨਜ਼ੂਰੀ ਪ੍ਰਾਪਤ ਹੋਣ ਉਪਰੰਤ ਇਹ ਕੰਮ ਮੁਕੰਮਲ ਕਰਵਾ ਦਿੱਤਾ ਜਾਵੇਗਾ।

ਰੂਪਨਗਰ ਸ਼ਹਿਰ ਦਾ ਨਵੇਂ ਬੱਸ ਸਟੈਂਡ ਤੋਂ ਲੈ ਕੇ ਨੰਗਲ ਚੌਕ ਤੱਕ ਦਾ ਏਰੀਆ ਸੀਵਰੇਜ ਨਾਲ ਨਹੀਂ ਜੁੜਿਆ ਹੋਇਆ ਹੈ। ਗੰਦਾ ਪਾਣੀ ਆਮ ਮੁਹਾਰਾ ਇਕੱਠਾ ਹੋ ਜਾਂਦਾ ਹੈ ਅਤੇ ਕਈ ਪੁਆਇੰਟਾਂ ਤੇ ਇਹ ਪਾਣੀ ਸਰਹਿੰਦ ਕੈਨਾਲ ਵਿੱਚ ਪੈ ਜਾਂਦਾ ਹੈ। ਨੈਸ਼ਨਲ ਗਰੀਨ ਟ੍ਰਿਬਿਊਨਲ, ਨਵੀਂ ਦਿੱਲੀ ਵੱਲੋਂ ਵਾਟਰ ਬਾਡੀਜ਼ ਵਿੱਚ ਗੰਦਾ ਪਾਣੀ ਡਿਸਚਾਰਜ ਕਰਨ ਲਈ ਸਖ਼ਤ ਮਨਾਹੀ ਕੀਤੀ ਸੀ। ਖੜ੍ਹੇ ਪਾਣੀ ਕਾਰਣ ਡੇਂਗੂ ਵਰਗੀਆਂ ਭਿਆਨਕ ਬਿਮਾਰੀਆਂ ਦੇ ਫੈਲਣ ਦਾ ਖਤਰਾ ਬਣਿਆ ਰਹਿੰਦਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਰੂਪਨਗਰ ਸ਼ਹਿਰ ਦੀ ਜਿਹੜੀ ਵਸੋਂ ਨੂੰ ਅਜੇ ਤੱਕ ਸੀਵਰੇਜ ਨਾਲ ਨਹੀਂ ਜੋੜਿਆ ਗਿਆ ਉਸ ਨੂੰ ਜੋੜਿਆ ਜਾਵੇ। ਸੀਵਰੇਜ ਤੋਂ ਬਿਨ੍ਹਾਂ ਨਾਗਰਿਕਾਂ ਦਾ ਸਾਫ਼-ਸੁਥਰਾ ਜੀਵਨ

ਸੰਭਵ ਨਹੀਂ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਕਾਰਜਕਾਰੀ ਇੰਜੀਨੀਅਰ, ਵਾਟਰ ਸਪਲਾਈ ਅਤੇ ਸੀਵਰੇਜ ਡਵੀਜਨ, ਰੂਪਨਗਰ ਵੱਲੋਂ ਤਿਆਰ ਕੀਤੇ ਗਏ ਤਖਮੀਨੇ ਅਨੁਸਾਰ ਲੋੜੀਂਦੇ ਫੰਡਜ਼ ਰਕਮੀ 540.38 ਲੱਖ ਰੁਪਏ ਮਿਊਂਸੀਪਲ ਕੌਂਸਲ, ਰੂਪਨਗਰ ਨੂੰ ਪ੍ਰਦਾਨ ਕਰਨ ਅਤੇ ਪ੍ਰਬੰਧਕੀ ਮਨਜ਼ੂਰੀ ਪ੍ਰਦਾਨ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ। ਤਖਮੀਨੇ ਦਾ ਉਤਾਰਾ ਹਵਾਲੇ ਲਈ ਨਾਲ ਸ਼ਾਮਿਲ ਹੈ ਜੀ।

ਸਹੀ/-
ਡਿਪਟੀ ਕਮਿਸ਼ਨਰ,
ਰੂਪਨਗਰ।

ਪਿੱਠ-ਅੰਕਣ ਨੰ: 555 ਐਲ.ਐਫ.ਏ ਮਿਤੀ 30/9/19

ਉਤਾਰਾ ਮੁੱਖ ਕਾਰਜਕਾਰੀ ਅਫਸਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ, ਪਲਾਟ ਨੰਬਰ 1-ਬੀ ਸੈਕਟਰ 27-ਏ ਮਧਿਆ ਮਾਰਗ, ਚੰਡੀਗੜ੍ਹ-160019 ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਿਪਟੀ ਕਮਿਸ਼ਨਰ,
ਰੂਪਨਗਰ।

Diary No. 7706
Dated 11/10/19

**ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ**
**ਪਲਾਟ ਨੰ.1ਬੀ, ਸੈਕਟਰ 27ਏ, ਚੰਡੀਗੜ੍ਹ**

ਪਿੱਠ ਅੰਕਣ ਨੰ: ਪਵਸਸਬ-2019/ਵ-1/ 83896 ਮਿਤੀ 4-11-19

ਉਪਰੋਕਤ ਦੀ ਨਕਲ ਮੁੱਖ ਇੰਜੀਨੀਅਰ(ਪੂਰਬ)ਪੰਜਾਬ ਵ/ਸ ਅਤੇ ਸੀਵਰੇਜ ਬੋਰਡ ਪਟਿਆਲਾ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਵਿੱਸ਼ੇ ਸਬੰਧੀ ਮਾਮਲੇ ਤੇ ਲੋੜੀਂਦੀ ਕਾਰਵਾਈ ਕਰਦੇ ਹੋਏ ਵਿਸਥਾਰਪੂਰਵਕ ਰਿਪੋਰਟ ਇਸ ਦਫਤਰ ਨੂੰ ਭੇਜੀ ਜਾਵੇ ਤਾ ਜੋ ਉਸੇ ਅਨੁਸਾਰ ਕੇਸ ਤੇ ਅਗਲੀ ਯੋਗ ਕਾਰਵਾਈ ਕੀਤੀ ਜਾ ਸਕੇ।

ਕਾਰਜਕਾਰੀ ਇੰਜੀਨੀਅਰ(ਵ)